بِسۡمِ اللّٰہِ الرَّحۡمٰنِ الرَّحِیۡمِ    نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ    وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 22.02.2019

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਇਹ ਕੇਵਲ ਪੇਸ਼ਗੋਈ (ਭਵਿੱਖਬਾਣੀ) ਹੀ ਨਹੀਂ ਸਗੋਂ ਇਕ ਮਹਾਨ ਆਕਾਸ਼ੀ ਚਮਤਕਾਰ ਹੈ ਜਿਸ ਨੂੰ ਮਿਹਰਬਾਨ ਤੇ ਜਲਾਲ ਵਾਲੇ ਰੱਬ ਨੇ ਸਾਡੇ ਮਿਹਰਬਾਨ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਸਚੱਾਈ ਤੇ ਵੱਡਿਆਈ ਨੂੰ ਦਰਸ਼ਾਉਣ ਲਈ ਪ੍ਰਕਟ ਕੀਤਾ ਹੈ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 22 ਫ਼ਰਵਰੀ 2019 ਈ. ਨੂੰ ਮਸਜਿਦ ਬੈਤੁਲ ਫ਼ਤੂਹ ਮੋਰਡਨ ਲੰਦਨ (ਬਰਤਾਨੀਆ) ਵਿੱਚ ਦਿੱਤਾ**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅੱਜਕਲ ਜਮਾਤ ਵਿੱਚ ਯੌਮਿ ਮੁਸਲਿਹ ਮੌਊਦ ਦੇ ਹਵਾਲਿਆਂ ਨਾਲ ਜਲਸੇ ਹੋ ਰਹੇ ਹਨ ਅਰਥਾਤ ਪੇਸ਼ਗੋਈ ਦੇ ਹਵਾਲੇ ਨਾਲ ਜਿਸ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਇਕ ਮੌਊਦ (ਵਾਦਾ ਕੀਤੇ) ਪੁਤੱਰ ਦੀ ਖ਼ਬਰ ਦਿੱਤੀ ਸੀ । ਜਿਸ ਬਾਰੇ ਰੱਬ ਨੇ ਫ਼ਰਮਾਇਆ ਸੀ ਕਿ ਇਸ ਪੁਤੱਰ ਨੂੰ ਉਹਨਾ ਵਿਸ਼ੇਸ਼ ਖ਼ੂਬੀਆਂ ਦਾ ਪਾਤਰ ਬਣਾਇਆ ਜਾਏਗਾ, ਉਹ ਧਰਮ ਦਾ ਸੇਵਕ ਹੋਵੇਗਾ, ਲੰਮੀ ਉਮਰ ਭੋਗੇਗਾ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਮਿਸ਼ਨ ਨੂੰ ਅੱਗੇ ਚਲਾਏਗਾ । ਇਹ ਪੇਸ਼ਗੋਈ 20 ਫ਼ਰਵਰੀ 1886 ਈ. ਦੀ ਹੈ ਇਹ ਪੇਸ਼ਗੋਈ (ਭਵਿੱਖਵਾਣੀ) ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਨਾਲ ਰੱਬ ਦੀ ਤਾਈਦਾਂ ਅਤੇ ਆਪ ਦੀ ਸਚੱਾਈ ਦਾ ਇਕ ਬਹੁਤ ਵਡੱਾ ਚਮਤਕਾਰ ਹੈ । ਸੋ, ਇਸ ਬੱਚੇ ਦੇ ਜਨਮ ਲੈਂਣ ਦਾ ਜੋ ਸਮਾਂ ਦਿਤੱਾ ਗਿਆ ਸੀ, ਉਸ ਅਨੁਸਾਰ 12 ਜਨਵਰੀ 1889 ਈ. ਨੂੰ ਉਹ ਲੜਕਾ ਪੈਦਾ ਹੋਇਆ ਜਿਸਦਾ ਨਾਂ ਮਿਰਜ਼ਾ ਬਸ਼ੀਰੁੱਦੀਨ ਮਹਮੂਦ ਅਹਮਦ ਰੱਖਿਆ ਗਿਆ, ਜਿੰਨ੍ਹਾ ਨੂੰ ਰੱਬ ਨੇ ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵੱਲ ਦੇ ਸਵਰਗਵਾਸ ਦੇ ਬਾਦ ਖ਼ਿਲਾਫ਼ਤ ਦਾ ਚੋਲਾ ਪੁਆਇਆ । ਹਜ਼ੂਰ ਅਨਵਰ ਨੇ ਫ਼ਰਮਾਇਆ : ਇਹ ਇਕ ਪੁਤੱਰ ਦੀ ਪੈਦਾਇਸ਼ ਨਹੀਂ ਸੀ ਸਗੋਂ ਇਕ ਮਹਾਨ ਚਮਤਕਾਰੀ ਪੁਤੱਰ ਦੇ ਪੈਦਾ ਹੋਣ ਦੀ ਭਵਿਖੱਬਾਣੀ ਸੀ ਜਿਸਦੇ ਆਉਣ ਨਾਲ ਇਕ ਆਤਮਕ ਇਨਕਲਾਬ ਦੀ ਨੀਂਹ ਪੈਣ ਵਾਲੀ ਸੀ । ਇਸ ਸੰਬੰਧੀ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : ਇਸ ਥਾਂ ਅਖੱਾਂ ਖੋਲਕੇ ਦੇਖ ਲੈਂਣਾ ਚਾਹੀਦਾ ਹੈ ਕਿ ਇਹ ਕੇਵਲ ਭਵਿੱਖਬਾਣੀ ਹੀ ਨਹੀਂ ਸੀ ਸਗੋਂ ਸਗੋਂ ਇਕ ਮਹਾਨ ਆਕਾਸ਼ੀ ਚਮਤਕਾਰ ਹੈ ਜਿਸ ਨੂੰ ਜਲਾਲ ਵਾਲੇ ਤੇ ਮਿਹਰਬਾਨ ਅਲੱਾਹ ਨੇ ਸਾਡੇ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਦੀ ਸਚੱਾਈ ਤੇ ਵੱਡਿਆਈ ਨੂੰ ਦਰਸ਼ਾਉਣ ਲਈ ਪ੍ਰਗਟ ਕੀਤਾ ਹੈ ਅਤੇ ਵਾਸਤਵ ਵਿੱਚ ਇਹ ਚਮਤਕਾਰ ਮੁਰਦੇ ਨੂੰ ਜੀਉਂਦਾ ਕਰਨ ਤੋਂ ਸੈਂਕੜੇ ਗੁਣਾ ਉਤੱਮ, ਆਲਾ, ਸੋਹਣਾ, ਵੱਡਿਆਈ

ਯੋਗ ਤੇ ਸੰਪੂਰਨ ਹੈ ਕਿਉਂਕਿ ਮੁਰਦੇ ਨੂੰ ਜੀਉਂਦਾ ਕਰਨ ਦੀ ਸਚਾਈ ਇਹ ਹੈ ਕਿ ਜਨਾਬੇ ਇਲਾਹੀ ਵਿੱਚ ਦੁਆ ਕਰਕੇ ਇਕ ਰੂਹ (ਆਤਮਾ) ਨੂੰ ਵਾਪਸ ਬੁਲਾਇਆ ਜਾਏ । ਇਸ ਥਾਂ ਰੱਬ ਦੀ ਅਪਾਰ ਮਿਹਰ, ਉਪਕਾਰ ਤੇ ਹਜ਼ਰਤ ਖ਼ਾਤਾਮੁਲ ਅੰਬਿਆ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਬਰਕਤਾਂ ਨਾਲ ਇਸ ਨਿਮਾਣੇ ਦੀ ਦੁਆ ਕੁਬੂਲ ਕਰਕੇ ਅਜਿਹੀ ਬਰਕਤਾਂ ਭਰਪੂਰ ਰੂਹ (ਆਤਮਾ) ਭੇਜਣ ਦਾ ਵਾਦਾ ਕੀਤਾ ਜਿਸ ਦੀਆਂ ਪ੍ਰਤੱਖ ਤੇ ਗੁਪਤ ਬਰਕਤਾਂ ਸਾਰੀ ਧਰਤੀ ਉਪੱਰ ਫੈਲਣਗੀਆਂ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਸੋ, ਕੋਈ ਸਾਧਾਰਣ ਰੂਹ ਨਹੀਂ ਮੰਗੀ ਗਈ ਸੀ ਸਗੋਂ ਇਕ ਮਹਾਨ ਨਿਸ਼ਾਨ (ਚਮਤਕਾਰ) ਮੰਗਿਆ ਗਿਆ ਸੀ ਜਿਸਦੇ ਉਤੱਰ ਵਿੱਚ ਰੱਬ ਨੇ ਬਹੁਤ ਸਾਰੀਆਂ ਖ਼ੂਬੀਆਂ ਨਾਲ ਭਰਪੂਰ ਪੁਤੱਰ ਦੇ ਜਨਮ ਲੈਂਣ ਦੀ ਖ਼ਬਰ ਦਿੱਤੀ । ਇਕ ਅਜਿਹੇ ਪੁਤੱਰ ਦੀ ਖ਼ਬਰ ਦਿੱਤੀ ਜੋ ਉਮਰ ਪਾਉਣ ਵਾਲਾ ਹੋਵੇਗਾ ਅਤਿਅੰਤ ਬੁੱਧੀਮਾਨ ਤੇ ਸੂਝਵਾਨ ਹੋਵੇਗਾ, ਹੋਣਹਾਰ, ਵੱਡਿਆਈ ਵਾਲਾ ਤੇ ਗਿਆਨਵਾਨ ਹੋਵੇਗਾ ਕੌਮਾਂ ਉਸਤੋਂ ਬਰਕਤਾਂ ਪਾਉਂਣਗੀਆ, ਉਹ ਪ੍ਰਤੱਖ ਤੇ ਇਲਾਹੀ ਗਿਆਨ ਨਾਲ ਭਰਪੂਰ ਕੀਤਾ ਜਾਏਗਾ । ਇਲਾਹੀ ਕਲਾਮ ਅਰਥਾਤ ਕੁਰਆਨ ਕਰੀਮ ਦਾ ਅਤਿਅੰਤ ਢੂੰਘਾ ਬੋਧ ਉਸ ਨੂੰ ਪ੍ਰਦਾਨ ਹੋਵੇਗਾ ਅਤੇ ਉਹ ਰੱਬ ਵੱਲੋਂ ਪ੍ਰਾਪਤ ਬੁੱਧੀਮਤਾ ਨਾਲ ਕੰਮ ਲੈਕੇ ਉਹ ਕੁਰਆਨ ਕਰੀਮ ਦੀ ਅਜਿਹੀ ਮਹਾਨ ਸੇਵਾ ਕਰਨ ਦਾ ਸੰਜੋਗ ਪ੍ਰਾਪਤ ਕਰੇਗਾ ਕਿ ਇਲਾਹੀ ਕਲਾਮ ਅਰਥਾਤ ਕੁਰਆਨ ਕਰੀਮ ਦੀ ਮਹਾਨਤਾ ਦੁਨੀਆ ਉਪੱਰ ਪ੍ਰਕਟ ਹੋਵੇਗੀ । ਉਹ ਬੰਦੀਆਂ ਦੇ ਸੁਧਾਰ ਦਾ ਸਬਬ ਹੋਵੇਗਾ, ਉਹ ਇਕ ਬ੍ਰਹਮਯੋਗੀ ਹੋਵੇਗਾ ਅਰਥਾਤ ਉਸ ਦੇ ਜੀਵਨ ਦੇ ਦਿਨਾ ਵਿੱਚ ਅਜਿਹੀਆਂ ਸਰਵਵਿਆਪਕ ਤਬਾਹਕੁਨ ਤਬਾਹੀਆਂ ਆਉਣਗੀਆਂ ਜੋ ਸਾਰੀ ਦੁਨੀਆ ਨੂੰ ਭੁੰਨਕੇ ਰੱਖ ਦੇਣਗੀਆਂ । ਉਹ ਦੁਨੀਆ ਦੇ ਕੰਢਿਆਂ ਤੱਕ ਪ੍ਰਸਿੱਧੀ ਪ੍ਰਾਪਤ ਕਰੇਗਾ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਜਿੱਥੋਂ ਤੱਕ ਆਪ ਦੀ ਸਿੱਖਿਆ ਦਾ ਸੰਬੰਧ ਹੈ, ਸਾਦਾ ਕੁਰਆਨ ਕਰੀਮ ਪੜ੍ਹਨ ਦੇ ਬਾਦ ਆਪ ਨੂੰ ਬਕਾਇਦਾ ਸਕੂਲ ਵਿੱਚ ਦਾਖ਼ਲ ਹੋਕੇ ਜਾਰੀ ਸੰਸਾਰਕ ਸਿੱਖਿਆ ਪ੍ਰਾਪਤ ਕਰਨ ਦਾ ਮੌਕਾ ਮਿਲਿਆ । ਘਰ ਵਿੱਚ ਵੀ ਉਸਤਾਦਾਂ ਰਾਹੀ ਉਰਦੂ ਤੇ ਅੰਗ੍ਰੇਜ਼ੀ ਦੀ ਅਰੰਭਕ ਸਿੱਖਿਆ ਪ੍ਰਾਪਤ ਕੀਤੀ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਆਪ ਫ਼ਰਮਾਉਂਦੇ ਹਨ ਕਿ ਮੇਰੀ ਸਿੱਖਿਆ ਦੇ ਸੰਬੰਧ ਵਿੱਚ ਮੇਰੇ ਉਪੱਰ ਸੱਭ ਤੋਂ ਵੱਧ ਉਪਕਾਰ ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵੱਲ ਰਜ਼ੀ ਅਲੱਾਹ ਅਨਹੁ ਦਾ ਹੈ ਆਪ ਕਿਉਂਕਿ ਤਬੀਬ (ਹਕੀਮ) ਸਨ ਅਤੇ ਇਸ ਗੱਲ ਨੂੰ ਜਾਣਦੇ ਸਨ ਕਿ ਮੇਰੀ ਸਿਹਤ ਇਸ ਯੋਗ ਨਹੀਂ ਕਿ ਮੈਂ ਕਿਤਾਬ ਵੱਲ ਬਹੁਤੀ ਦੇਰ ਤੱਕ ਦੇਖ ਸਕਾਂ । ਇਸ ਲਈ ਆਪ ਦਾ ਤਰੀਕਾ ਇਹ ਸੀ ਕਿ ਆਪ ਮੈਂਨੂੰ ਆਪਣੇ ਕੋਲ ਬਿਠਾ ਲੈਂਦੇ ਅਤੇ ਫ਼ਰਮਾਉਂਦੇ ਕਿ ਮੀਆਂ ਮੈਂ ਪੜ੍ਹਦਾ ਜਾਂਦਾ ਹਾਂ ਤੁਸੀਂ ਸੁਣਦੇ ਜਾਓ । ਇਸ ਦਾ ਕਾਰਣ ਇਹ ਸੀ ਕਿ ਬਚਪੁਣੇ ਵਿੱਚ ਮੇਰੀਆਂ ਅਖੱਾਂ ਵਿੱਚ ਕੁਕਰੇ ਪੈ ਗਏ ਸਨ ਅਤੇ ਨਿਰੰਤਰ ਤਿੰਨ ਚਾਰ ਸਾਲ ਤੱਕ ਮੇਰੀਆਂ ਅਖੱਾਂ ਦੁਖਦੀਆਂ ਰਹੀਆਂ ਅਤੇ ਅਜਿਹਾ ਸਖ਼ਤ ਕਸ਼ਟ ਕੁਕਰਿਆਂ ਕਰਕੇ ਹੋਇਆ ਕਿ ਡਾਕਟਰ ਨੇ ਕਿਹਾ ਕਿ ਇਸ ਦੀ ਦ੍ਰਿਸ਼ਟੀ ਨਸ਼ਟ ਹੋ ਜਾਏਗੀ । ਇਸ ਬਿਮਾਰੀ ਦੇ ਜ਼ੋਰ ਅਤੇ ਵਾਰ ਵਾਰ ਹਮਲੇ ਕਰਕੇ ਮੇਰੀ ਇਕ ਅੱਖ ਦੀ ਦ੍ਰਿਸ਼ਟੀ ਮਾਰੀ ਗਈ, ਸੋ, ਮੇਰੀ ਖੱਬੀ ਅੱਖ ਵਿੱਚ ਰੋਸ਼ਨੀ ਨਹੀਂ ਹੈ ਮੈਂ ਮਾਰਗ ਤਾਂ ਦੇਖ ਸਕਦਾ ਹਾਂ ਪਰ ਕਿਤਾਬ ਨਹੀਂ ਪੜ੍ਹ ਸਕਦਾ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਮੇਰੇ ਉਸਤਾਦਾਂ ਨੂੰ ਕਹਿ ਦਿਤੱਾ ਕਿ ਪੜ੍ਹਾਈ ਇਸਦੀ ਮਰਜ਼ੀ'ਤੇ ਹੋਵੇਗੀ । ਇਹ ਜਿੰਨ੍ਹਾ ਪੜ੍ਹਨਾ ਚਾਹੇ ਪੜ੍ਹੇ ਜੇਕਰ ਨਹੀਂ ਪੜ੍ਹੇ ਤਾਂ ਇਸ'ਤੇ ਜ਼ੋਰ ਨ ਦਿਤੱਾ ਜਾਏ ਕਿਉਂਕਿ ਇਸਦੀ ਸਿਹਤ ਇਸ ਯੋਗ ਨਹੀਂ ਹੈ ਕਿ ਪੜ੍ਹਾਈ ਦਾ ਭਾਰ ਝੱਲ ਸਕੇ। ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਵਾਰ ਵਾਰ ਮੈਂਨੂੰ ਕੇਵਲ ਇਹੋ ਕਹਿੰਦੇ ਕਿ ਤੁਸੀਂ ਕੁਰਆਨ ਕਰੀਮ ਦਾ ਅਨੁਵਾਦ ਤੇ ਬੁਖ਼ਾਰੀ ਹਜ਼ਰਤ ਮੌਲਵੀ ਸਾਹਬ ਤੋਂ ਪੜ੍ਹ ਲਓ, ਆਪਨੇ ਇਹ ਵੀ ਫ਼ਰਮਾਇਆ ਕਿ ਕੁਝ ਤਿਬ (ਹਿਕਮਤ) ਵੀ ਪੜ੍ਹ ਲਓ ਕਿਉਂਕਿ ਇਹ ਸਾਡਾ ਪਰਿਵਾਰਕ ਕੰਮ ਹੈ ।

ਆਪ ਫ਼ਰਮਾਮਉਂਦੇ ਹਨ ਕਿ ਮਾਸਟਰ ਫ਼ਕੀਰੁਲੱਾਹ ਸਾਹਬ ਸਾਡੇ ਉਸਤਾਦ ਸਨ । ਉਹਨਾਂ ਨੇ ਇਕ ਵਾਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਅੱਗੇ ਮੇਰੀ ਸ਼ਿਕਾਇਤ ਕੀਤੀ ਕਿ ਹਜ਼ੂਰ ਇਹ ਕੁਝ ਨਹੀਂ ਪੜ੍ਹਦਾ । ਕਦੇ ਮਦਰਸੇ ਵਿੱਚ ਆ ਜਾਂਦਾ ਹੈ ਕਦੇ ਨਹੀਂ ਆਉਂਦਾ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਫ਼ਰਮਾਉਂਦੇ ਹਨ ਕਿ ਮੈਂਨੂੰ ਚੇਤੇ ਹੈ ਕਿ ਜੱਦ ਮਾਸਟਰ ਸਾਹਬ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਕੋਲ ਸ਼ਿਕਾਇਤ ਕੀਤੀ ਤਾਂ ਮੈਂ ਡਰ ਦੇ ਮਾਰੇ ਲੁੱਕ ਗਿਆ ਕਿ ਪਤਾ ਨਹੀਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਕਿੰਨ੍ਹਾ ਨਰਾਜ਼ ਹੋਣ, ਪਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਜੱਦ ਇਹ ਗੱਲ ਸੁਣੀ ਤਾਂ ਆਪ ਨੇ ਫ਼ਰਮਾਇਆ ਕਿ ਆਪ ਦੀ ਬਹੁਤ ਮਿਹਰਬਾਨੀ ਹੈ ਕਿ ਆਪ ਬੱਚੇ ਦਾ ਬਹੁਤ ਖ਼ਿਆਲ ਰਖੱਦੇ ਹਨ ਅਤੇ ਮੈਂਨੂੰ ਆਪ ਦੀ ਇਹ ਗੱਲ ਸੁਣਕੇ ਬਹੁਤ ਖ਼ੁਸ਼ੀ ਹੋਈ ਕਿ ਇਹ ਕਦੇ ਕਦੇ ਮਦਰਸੇ ਚਲਾ ਜਾਂਦਾ ਹੈ । ਇਹ ਤਾਂ ਬਹੁਤ ਚੰਗੀ ਗੱਲ ਹੈ ਕਿ ਕਦੇ ਕਦੇ ਚਲਾ ਜਾਂਦਾ ਹੈ ਵਰਨਾ ਮੇਰੇ ਅਨੁਸਾਰ ਤਾਂ ਇਸ ਦੀ ਸਿਹਤ ਇਸ ਯੋਗ ਨਹੀਂ ਕਿ ਪੜ੍ਹਾਈ ਕਰ ਸਕੇ । ਫਿਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਹਸੱਕੇ ਫ਼ਰਮਾਇਆ ਕਿ ਇਸ ਤੋਂ ਅਸੀਂ ਕੋਈ ਆਟੇ ਦਾਲ ਦੀ ਦੁਕਾਨ ਥੋੜੇ ਕਰਵਾਉਂਣੀ ਹੈ ਕਿ ਇਸ ਨੂੰ ਹਿਸਾਬ ਸਿਖਾਇਆ ਜਾਏ । ਹਿਸਾਬ ਇਸ ਨੂੰ ਆਏ ਜਾਂ ਨ ਆਏ ਕੋਈ ਗੱਲ ਨਹੀਂ । ਫਿਰ ਫ਼ਰਮਾਇਆ ਕਿ ਆਖ਼ਰ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਜਾਂ ਆਪਦੇ ਸਹਾਬਾ ਨੇ ਕਿਹੜਾ ਹਿਸਾਬ ਸਿੱਖਿਆ ਸੀ, ਜੇਕਰ ਇਹ ਮਦਰਸੇ ਚਲਾ ਜਾਏ ਤਾਂ ਚੰਗੀ ਗੱਲ ਹੈ ਵਰਨਾ ਇਸ ਨੂੰ ਮਜਬੂਰ ਨਹੀਂ ਕਰਨਾ ਚਾਹੀਦਾ । ਇਹ ਸੁਣਕੇ ਮਾਸਟਰ ਸਾਹਬ ਵਾਪਸ ਆ ਗਏ । ਮੈਂ ਇਸ ਨਰਮੀ ਤੋਂ ਹੋਰ ਵੀ ਲਾਭ ਚੁਕੱਣਾ ਸ਼ੁਰੂ ਕਰ ਦਿਤੱਾ ਅਤੇ ਫਿਰ ਮਦਰਸੇ ਜਾਣਾ ਹੀ ਛੱਡ ਦਿਤੱਾ, ਕਦੇ ਮਹੀਂਨੇ ਵਿੱਚ ਇਕ ਅੱਧ ਵਾਰ ਚਲਿਆ ਜਾਂਦਾ ਸੀ । ਭਾਵ ਇਸ ਪ੍ਰਕਾਰ ਮੇਰੀ ਵਿਦਿਆ ਹੋਈ ਅਤੇ ਮੈਂ ਵਾਸਤਵ ਵਿੱਚ ਮਜਬੂਰ ਸੀ ਕਿਉਂਕਿ ਬਚਪੁਣੇ ਵਿੱਚ ਅੱਖ ਦੀ ਖ਼ਰਾਬੀ ਤੋਂ ਬਿਨਾ ਮੈਂਨੂੰ ਜਿਗਰ ਦੀ ਖ਼ਰਾਬੀ ਦਾ ਵੀ ਕਸ਼ਟ ਸੀ । ਛੇ ਛੇ ਮਹੀਂਨੇ ਮੂੰਗ ਦੀ ਦਾਲ ਦਾ ਪਾਣੀ ਜਾਂ ਸਾਗ ਦਾ ਪਾਣੀ ਮੈਂਨੂੰ ਦਿਤੱਾ ਜਾਂਦਾ ਸੀ, ਫਿਰ ਇਸਦੇ ਨਾਲ ਤਿੱਲੀ ਵੀ ਵੱਧ ਗਈ ਸੀ । ਰੈਡ ਆਯੋਡਾਈਡ ਆਫ਼ ਮਰਕਰੀ ਦੀ ਤਿੱਲੀ ਦੀ ਥਾਂ ਮਾਲਸ਼ ਕੀਤੀ ਜਾਂਦੀ ਸੀ । ਇਸੇ ਪ੍ਰਕਾਰ ਗਲੇ'ਤੇ ਵੀ ਇਸ ਦੀ ਮਾਲਸ਼ ਕੀਤੀ ਜਾਂਦੀ ਕਿਉਂਕਿ ਮੈਂਨੂੰ ਕੰਠਮਾਲਾ ਦਾ ਵੀ ਰੋਗ ਸੀ । ਭਾਵ ਅਖੱਾਂ ਵਿੱਚ ਕੁਕਰੇ, ਜਿਗਰ ਦੀ ਖ਼ਰਾਬੀ , ਤਿੱਲੀ ਦੇ ਵੱਧ ਜਾਣ ਦਾ ਰੋਗ ਅਤੇ ਇਸ ਦੇ ਨਾਲ ਬੁਖ਼ਾਰ ਹੋ ਜਾਣਾ ਸ਼ੁਰੂ ਹੋ ਜਾਣਾ ਜੋ ਛੇ ਛੇ ਮਹੀਂਨੇ ਤੱਕ ਨ ਉਤਰਦਾ ਅਤੇ ਮੇਰੀ ਪੜ੍ਹਾਈ ਬਾਰੇ ਬਜ਼ੁਰਗਾਂ ਦਾ ਫ਼ੈਸਲਾ ਕਰ ਦੇਣਾ ਕਿ ਇਹ ਜਿੰਨ੍ਹਾ ਪੜ੍ਹਨਾ ਚਾਹੇ ਪੜ੍ਹ ਲਏ ਇਸ'ਤੇ ਬਹੁਤਾ ਜ਼ੋਰ ਨ ਦਿਤੱਾ ਜਾਏ । ਇਹਨਾ ਹਾਲਾਤਾਂ ਵਿੱਚ ਹਰ ਵਿਅਕਤੀ ਅੰਦਾਜ਼ਾ ਲਾ ਸਕਦਾ ਹੈ ਕਿ ਮੇਰੀ ਵਿਦਿਅਕ ਯੋਗਤਾ ਦਾ ਕੀ ਹਾਲ ਹੋਵੇਗਾ ।

ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵੱਲ ਹਮੇਸ਼ਾ ਮੈਂਨੂੰ ਫ਼ਰਮਾਇਆ ਕਰਦੇ ਸਨ ਕਿ ਮੀਆਂ ਤੁਹਾਡੀ ਸਿਹਤ ਅਜਿਹੀ ਨਹੀਂ ਕਿ ਤੁਸੀਂ ਆਪ ਪੜ੍ਹ ਸਕੋ ਮੇਰੇ ਕੋਲ ਆ ਜਾਇਆ ਕਰੋ ਮੈਂ ਪੜ੍ਹਦਾ ਜਾਵਾਂਗਾ ਅਤੇ ਤੁਸੀਂ ਸੁਣਦੇ ਰਿਹਾ ਕਰੋ, ਸੋ, ਉਹਨਾ ਨੇ ਜ਼ੋਰ ਦੇਕੇ ਪਹਿਲਾਂ ਕੁਰਆਨ ਕਰੀਮ ਫਿਰ ਬੁਖ਼ਾਰੀ ਪੜ੍ਹਾ ਦਿੱਤੀ । ਇਹ ਨਹੀਂ ਕਿ ਆਪ ਨੇ ਹੌਲ੍ਹੀ ਹੌਲ੍ਹੀ ਮੈਂਨੂੰ ਕੁਰਆਨ ਪੜ੍ਹਾਇਆ ਸਗੋਂ ਆਪ ਦਾ ਇਹ ਤਰੀਕਾ ਸੀ ਕਿ ਆਪ ਕੁਰਆਨ ਪੜ੍ਹਦੇ ਜਾਂਦੇ ਅਤੇ ਨਾਲ ਨਾਲ ਉਸ ਦੇ ਅਰਥ ਕਰਦੇ ਜਾਂਦੇ ਕੋਈ ਗੱਲ ਜ਼ਰੂਰੀ ਸਮਝਦੇ ਤਾਂ ਦੱਸ ਦਿੰਦੇ ਵਰਨਾ ਛੇਤੀ ਛੇਤੀ ਪੜ੍ਹਾਉਂਦੇ ਜਾਂਦੇ । ਆਪ ਨੇ ਤਿੰਨਾ ਮਹੀਨਿਆਂ ਵਿੱਚ ਮੈਂਨੂੰ ਸਾਰਾ ਕੁਰਆਨ ਪੜ੍ਹਾ ਦਿਤੱਾ ਸੀ । ਮੈਂ ਆਪ ਤੋਂ ਤਿਬ (ਹਿਕਮਤ) ਵੀ ਪੜ੍ਹੀ ਅਤੇ ਕੁਰਆਨ ਕਰੀਮ ਦੀ ਤਫ਼ਸੀਰ (ਵਿਆਖਿਆ) ਵੀ ਪੜ੍ਹੀ । ਕੁਰਆਨ ਕਰੀਮ ਦੀ ਵਿਆਖਿਆ ਆਪ ਨੇ ਦੋ ਮਹੀਨਿਆ ਵਿੱਚ ਖ਼ਤਮ ਕਰਾ ਦਿੱਤੀ । ਆਪ ਮੈਂਨੂੰ ਆਪਣੇ ਕੋਲ ਬਿਠਾ ਲੈਂਦੇ ਅਤੇ ਕਦੇ ਅਧੱਾ ਪਾਰਾ ਕਦੇ ਪੂਰਾ ਪਾਰਾ ਅਰਥ ਨਾਲ ਪੜ੍ਹਕੇ ਸੁਣਾ ਦਿੰਦੇ । ਕਿਸੇ ਕਿਸੇ ਆਇਤ ਦੀ ਵਿਆਖਿਆ ਵੀ ਕਰ ਦਿੰਦੇ, ਇਸੇ ਪ੍ਰਕਾਰ ਬੁਖ਼ਾਰੀ ਆਪ ਨੇ ਦੋ ਤਿੰਨ ਮਹੀਨਿਆ

ਵਿੱਚ ਮੈਨੂੰ ਖ਼ਤਮ ਕਰਾ ਦਿੱਤੀ । ਇਕ ਵਾਰ ਰਮਜ਼ਾਨ ਦੇ ਮਹੀਨੇ ਵਿੱਚ ਆਪ ਨੇ ਸਾਰੇ ਕੁਰਆਨ ਦਾ ਦਰਸ ਦਿਤੱਾ ਤਾਂ ਉਸ ਵਿੱਚ ਵੀ ਮੈਂ ਸ਼ਾਮਲ ਹੋ ਗਿਆ । ਕੁਝ ਅਰਬੀ ਰਸਾਲੇ ਵੀ ਮੈਨੂੰ ਪੜ੍ਹਨ ਦਾ ਇਤਫ਼ਾਕ ਹੋਇਆ, ਭਾਵ ਇਹ ਮੇਰੀ ਵਿਦਿਅਕ ਯੋਗਤਾ ਸੀ ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਆਪ ਦੇ ਭਾਸ਼ਣ, ਖ਼ਿਤਾਬ (ਸੰਬੋਧਨ) ਆਪ ਦੀਆਂ ਰਚਨਾਵਾਂ ਅਤੇ ਆਪਦੀ ਕੁਰਆਨ ਕਰੀਮ ਦੀਆਂ ਵਿਆਖਿਆਵਾਂ ਇਸ ਗੱਲ ਦੀ ਗਵਾਹ ਹਨ ਕਿ ਰੱਬ ਨੇ ਆਪ ਨੂੰ ਪੜ੍ਹਾਇਆ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਜੀਵਨ ਕਾਲ ਵਿੱਚ ਹੀ ਜੋ 1906 ਈ. ਦਾ ਸਾਲਾਨਾ ਜਲਸਾ ਹੋਇਆ, ਉਸ ਵਿੱਚ ਆਪ ਨੇ ਪਹਿਲਾ ਪਬਲਿਕ ਭਾਸ਼ਣ ਦਿਤੱਾ । ਹਜ਼ਰਤ ਕਾਜ਼ੀ ਮੁਹਮੱਦ ਜ਼ਹੂਰੁੱਦੀਨ ਅਕਮਲ ਸਾਹਬ ਰਜ਼ੀ ਅਲੱਾਹ ਅਨਹੁ ਫ਼ਰਮਾਉਂਦੇ ਹਨ : ਨਬੁਵੱਤ ਦੇ ਬੁਰਜ ਦਾ ਰੌਸ਼ਨ ਸਿਤਾਰਾ, ਰਸੂਲਾਂ ਦੀ ਬੁਲੰਦੀ ਦਾ ਚਮਕਦਾ ਹੋਇਆ ਮੋਤੀ, ਮਹਮੂਦ, ਪਰਮਾਤਮਾ ਉਸਨੂੰ ਸਲਾਮਤ ਰੱਖੇ ਤੇ ਦੀਰਘ ਆਯੂ ਪ੍ਰਦਾਨ ਕਰੇ, ਸ਼ਿਰਕ ਉਪੱਰ ਭਾਸ਼ਣ ਦੇਣ ਲਈ ਖੜਾ ਹੋਇਆ । ਕੀ ਦਸੱਾਂ ਵਿਆਖਾਨ ਦਾ ਇਕ ਹੱੜ੍ਹ ਸੀ ਜੋ ਪੂਰੇ ਜ਼ੋਰ ਨਾਲ ਵਹਿ ਰਿਹਾ ਸੀ । ਵਾਕਈ ਐਨ੍ਹੀ ਛੋਟੀ ਉਮਰ ਵਿੱਚ ਵਿਚਾਰਾਂ ਦੀ ਪੱਕਿਆਈ ਕਿਸੇ ਕ੍ਰਿਸ਼ਮੇ ਤੋਂ ਘੱਟ ਨਹੀਂ ਸੀ । ਮੇਰੇ ਵਿਚਾਰ ਵਿੱਚ ਇਹ ਵੀ ਹਜ਼ੂਰ ਅਲੈਹਿ ਸਲਾਮ ਦੀ ਸਚੱਾਈ ਦਾ ਇਕ ਨਿਸ਼ਾਨ ਹੈ ਅਤੇ ਇਸੇ ਤੋਂ ਜ਼ਾਹਰ ਹੋ ਸਕਦਾ ਹੈ ਕਿ ਮਸੀਹਿਯਤ ਮਾਆਬ ਦੀ ਤਰਬੀਯਤ ਦਾ ਜੌਹਰ ਕਿਸ ਕਮਾਲ ਦੇ ਦਰਜੇ ਨੂੰ ਪਹੁੰਚਿਆ ਹੋਇਆ ਹੈ । ਆਪ ਨੇ ਰੂਹਨੀ ਕਾਮਲਾਤਾਂ ਉਪੱਰ ਇਕ ਵਖੱਰੇ ਅੰਦਾਜ਼ ਵਿੱਚ ਬਹਿਸ ਕੀਤੀ ।

ਇਸ ਜ਼ਮਾਨੇ ਵਿੱਚ ਆਪ ਦੀਆਂ ਧਾਰਮਕ ਸਰਗਰਮੀਆਂ, ਜੋਸ਼ ਅਤੇ ਵਿਚਾਰਕ ਤੇ ਆਤਮਕ ਬਣਤਰ ਇਹ ਦੱਸ ਰਹੀ ਸੀ ਕਿ ਪੇਸ਼ਗੋਈ ਦੇ ਇਹ ਸ਼ਬਦ ਕਿ 'ਉਹ ਛੇਤੀ ਛੇਤੀ ਵਧੇਗਾ' ਦੇ ਆਪ ਕ੍ਰਿਤੱਾਰਥ ਬਣਨ ਵਾਲੇ ਹਨ । ਸੋ, ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਵੀ ਇਸੇ ਧਾਰਮਕ ਜੋਸ਼ ਨੂੰ ਅਨੁਭਵ ਕਰਕੇ ਫ਼ਰਮਾਇਆ । ਆਪ ਫ਼ਰਮਾਉਂਦੇ ਹਨ ਕਿ ਮੀਆਂ ਮਹਮੂਦ ਵਿੱਚ ਐਨ੍ਹਾ ਹੀ ਧਾਰਮਕ ਜੋਸ਼ ਪਾਇਆ ਜਾਂਦਾ ਹੈ ਕਿ ਮੈਂ ਕਈ ਵਾਰ ਇਹਨਾ ਲਈ ਵਿਸ਼ੇਸ਼ ਰੂਪ ਵਿੱਚ ਦੁਆ ਕਰਦਾ ਹਾਂ । ਹਜ਼ਰਤ ਖ਼ਲੀਫ਼ਾਤੁਲ ਮਸੀਹ ਰਾਬੇ ਰਹਿਮਾਹੁਲੱਾਹ ਤਆਲਾ ਨੇ ਜੋ ਸੀਰਤ (ਜੀਵਨ ਚਰਿਤ੍ਰ) ਲਿਖੀ ਹੈ ਉਸ ਵਿੱਚ ਆਪ ਇਖ ਥਾਂ ਲਿਖੱਦੇ ਹਨ : ਪਹਿਲੀ ਖ਼ਿਲਾਫ਼ਤ ਦੇ ਅਰੰਭ ਵਿੱਚ ਹਜ਼ਰਤ ਸਾਹਿਬਜ਼ਾਦਾ ਸਾਹਬ ਦੀ ਉਮਰ 19 ਸਾਲ ਸੀ ਅਤੇ ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵੱਲ ਰਜ਼ੀ ਅਲੱਾਹ ਅਨਹੁ ਦੇ ਸਵਰਗਵਾਸ ਸਮੇਂ ਆਪ ਆਪਣੀ ਉਮਰ ਦੇ 26ਵੇਂ ਸਾਲ ਵਿੱਚ ਦਾਖ਼ਲ ਹੋ ਚੁਕੇ ਸਨ । ਇਸ ਚੜ੍ਹਦੀ ਜੁਆਨੀ ਵਿੱਚ ਆਪਦੀ ਲੇਖਣੀ ਤੇ ਭਾਸ਼ਣ ਦਾ ਜੋ ਰੰਗ ਰੂਪ ਸੀ ਉਸ ਦੇ ਕੁਝ ਨਮੂਨੇ ਪੇਸ਼ ਕਰਦਾ ਹਾਂ । ਆਪ ਦੇ ਵਿਚਾਰਾਂ ਅਤੇ ਸੋਚਣ ਸ਼ਕਤੀ ਵਿੱਚ ਇਕ ਮਹਾਨ ਵਿਚਾਰਕ ਜਿਹੀ ਪੱਕਿਆਈ ਆ ਚੁਕੀ ਸੀ ਆਪ ਦੇ ਸ਼ਬਦ ਪ੍ਰਭਾਵਪੂਰਨ, ਮਨਮੋਹਕ ਅਤੇ ਦਿਲਖਿਚੱਵੇਂ ਹੁੰਦੇ ਸਨ । ਕਲਾਮ ਦਿਖਾਵੇ ਤੇ ਪ੍ਰਦਰਸ਼ਨੀ ਤੋਂ ਅਛੂਤਾ ਸੀ ਅਤੇ ਲੇਖਣੀ ਬਣਾਵਟ ਤੋਂ ਪਵਿਤੱਰ ਸੀ । ਭਾਸ਼ਣ ਵਿੱਚ ਇਕ ਸੁਭਾਵਕ ਬਣਤਰ ਸੀ ਅਤੇ ਲੇਖਣੀ ਵਿੱਚ ਲੜੀਵਾਰਤਾ ਦਾ ਹੜ੍ਹ ਸੀ । ਦੋਵੇਂ ਹੀ ਕੁਰਆਨ ਕਰੀਮ ਦੇ ਗਿਆਨ ਅਤੇ ਇਲਾਹੀ ਤਰਲਤਾ ਨਾਲ ਭਰਰਪੂਰ ਅਤੇ ਮਨ ਮਸਤਕ ਨੂੰ ਇੱਕੋ ਸਮੇਂ ਭਰ ਦਿੰਦੇ ਸਨ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਵਫ਼ਾਤ ਦੇ ਬਾਦ 19 ਸਾਲ ਦੀ ਉਮਰ ਵਿੱਚ ਆਪ ਨੇ ਜੋ ਪਹਿਲਾ ਭਾਸ਼ਣ ਦਿਤੱਾ ਉਸ ਬਾਰੇ ਹਜ਼ਰਤ ਮੌਲਵੀ ਸ਼ੇਰ ਅਲੀ ਸਾਹਬ ਰਜ਼ੀ ਅਲੱਾਹ ਅਨਹੁ ਫ਼ਰਮਾਉਂਦੇ ਹਨ ਕਿ ਇਕ ਹੋਰ ਗੱਲ ਜਿਸ ਦਾ ਮੈਂ ਇਸ ਲੇਖ ਵਿੱਚ ਵਰਨਣ ਕਰਨਾ ਚਾਹੁੰਦਾ ਹਾਂ ਉਹ ਹਜ਼ਰਤ ਖ਼ਲੀਫ਼ਰਤੁਲ ਮਸੀਹ ਸਾਨੀ ਦਾ ਪਹਿਲਾ ਭਾਸ਼ਣ ਹੈ ਜੋ ਹਜ਼ੂਰ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਵਫ਼ਾਤ ਦੇ ਬਾਦ ਪਹਿਲੇ ਜਲਸਾ ਸਾਲਾਨਾ ਦੇ ਮੌਕੇ'ਤੇ ਕੀਤੀ । ਇਹ ਜਲਸਾ ਮਦਰਸਾ ਅਹਮਦੀਆ ਦੇ ਵਿਹੜੇ ਵਿੱਚ ਆਯੋਜਤ ਹੋਇਆ । ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵੱਲ ਰਜ਼ੀ ਅਲੱਾਹ ਅਨਹੁ ਹਜ਼ੂਰ ਦੇ ਸੱਜੇ ਪਾਸੇ

ਸਟੇਜ ਉਪੱਰ ਵਿਰਾਜਮਾਨ ਸਨ । ਇਸ ਭਾਸ਼ਣ ਸੰਬੰਧੀ ਦੋ ਗਲੱਾਂ ਵਰਨਣ ਯੋਗ ਹਨ । ਪਹਿਲੀ ਇਹ ਕਿ ਉਸ ਸਮੇਂ ਆਪਦੀ ਆਵਾਜ਼ ਅਤੇ ਆਪਦੀ ਅਦਾ, ਆਪਦਾ ਲਹਿਜਾ ਤੇ ਭਾਸ਼ਣ ਦਾ ਢੰਗ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਆਵਾਜ਼ ਅਤੇ ਭਾਸ਼ਣ ਦੇ ਢੰਗ ਨਾਲ ਐਨ੍ਹਾ ਬਹੁਤਾ ਸੁਮੇਲ ਖਾਂਦਾ ਸੀ ਕਿ ਉਸ ਸਮੇਂ ਸੁਣਨ ਵਾਲਿਆਂ ਦੇ ਮਨ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਜੋ ਅਜੇ ਥੋੜਾ ਹੀ ਸਮਾਂ ਹੋਇਆ ਸੀ ਸਾਥੋਂ ਅੱਡ ਹੋਏ ਸਨ, ਯਾਦ ਤਾਜ਼ਾ ਹੋ ਗਈ ਅਤੇ ਸਰੋਤਿਆਂ ਵਿੱਚ ਬਹੁਤ ਸਾਰੇ ਅਜਿਹੇ ਸਨ ਜਿੰਨ੍ਹਾ ਦੀਆਂ ਅਖੱਾਂ ਵਿੱਚੋਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਇਸ ਆਵਾਜ਼ ਦੇ ਸਬਬ ਜੋ ਉਹਨਾ ਦੇ ਪਹਿਲਾਂ ਤੋਂ ਵਾਦਾ ਕੀਤੇ ਗਏ ਪੁਤੱਰ ਦੇ ਬੁਲੱਾਂ ਰਾਹੀਂ ਉਹਨਾਂ ਤੱਕ ਪਹੁੰਚ ਰਹੀ ਸੀ, ਜਿਵੇਂ ਗ੍ਰਾਮੋਫ਼ੋਨ ਤੋਂ ਇਕ ਅਖੱਾਂ ਤੋਂ ਓਹਲੇ ਮਨੁੱਖ ਦੀ ਆਵਾਜ਼ ਪਹੁੰਚਦੀ ਹੈ, ਹੰਝੂ ਜਾਰੀ ਹੋ ਗਏ ਅਤੇ ਹੰਝੂ ਵਹਾਉਣ ਵਾਲਿਆਂ ਵਿੱਚ ਇਕ ਮੈਂ ਵੀ ਸੀ । ਦੂਜੀ ਗੱਲ ਇਹ ਹੈ ਕਿ ਜੱਦ ਭਾਸ਼ਣ ਖ਼ਤਮ ਹੋ ਗਿਆ ਤਾਂ ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵੱਲ ਰਜ਼ੀ ਅਲੱਾਹ ਅਨਹੁ ਨੇ ਜਿੰਨ੍ਹਾ ਦੀ ਸਾਰੀ ਉਮਰ ਕੁਰਆਨ ਕਰੀਮ ਉਪੱਰ ਗ਼ੌਰ ਤੇ ਵਿਚਾਰ ਕਰਨ ਵਿੱਚ ਲੰਘਾਇਆ ਸੀ ਅਤੇ ਕੁਰਆਨ ਕਰੀਮ ਜਿੰਨ੍ਹਾ ਦੀ ਆਤਮਾ ਦੀ ਗ਼ਜ਼ਾ ਸੀ, ਫ਼ਰਮਾਇਆ ਮੀਆਂ ਨੇ ਬਹੁਤ ਸਾਰੀਆਂ ਆਇਤਾਂ ਦੀ ਅਜਿਹੀ ਵਿਆਖਿਆ ਕੀਤੀ ਹੈ ਜੋ ਮੇਰੇ ਲਈ ਵੀ ਨਵੀਆਂ ਸਨ । ਸੋ, ਇਹ ਮੁਆਰਫ਼ ਇਸ ਨੌਜੁਆਨ ਨੂੰ ਕਿਸਨੇ ਸਿਖਾਏ । ਉਸੇ ਨੇ ਜੋ ਕੁਰਆਨ ਕਰੀਮ ਵਿੱਚ ਹਜ਼ਰਤ ਯੂਸਫ਼ ਅਲੈਹਿ ਸਲਾਮ ਬਾਰੇ ਫ਼ਰਮਾਉਂਦਾ ਹੈ ਕਿ :

وَلَمَّا بَلَغَ اَشُدَّهٗۤ اٰتَيْنٰهُ حُكْمًا وَّعِلْمًا ؕ وَكَذٰلِكَ نَجْزِى الْمُحْسِنِيْنَ

ਅਤੇ ਜੱਦ ਉਹ ਆਪਣੀ ਮਜ਼ਬੂਤੀ ਦੀ ਉਮਰ ਨੂੰ ਪਹੁੰਚਿਆ ਤਾਂ ਅਸੀਂ ਉਸਨੂੰ ਦਾਨਾਈ ਤੇ ਗਿਆਨ ਪ੍ਰਦਾਨ ਕੀਤਾ ਅਤੇ ਇਸੇ ਪ੍ਰਾਕਰ ਅਸੀਂ ਉਪਕਾਰ ਕਰਨ ਵਾਲਿਆਂ ਨੂੰ ਪ੍ਰਤੀਫ਼ਲ ਦਿਆ ਕਰਦੇ ਹਾਂ । ਅਪ ਨੇ ਕੇਵਲ ਸਾਧਾਰਣ ਤੌਰ'ਤੇ ਦਾਨਾਈ ਤੇ ਸਮਝਦਾਰੀ ਦੀਆਂ ਗੱਲਾਂ ਬਿਆਨ ਨਹੀਂ ਕੀਤੀਆਂ ਸਗੋਂ ਕੁਰਆਨ ਸ਼ਰੀਫ਼ ਦੇ ਅਛੂਤੇ ਮੁਆਰਫ਼ ਵੀ ਬਿਆਨ ਕੀਤੇ ਅਤੇ ਅਲੱਾਹ ਤਆਲਾ ਕੁਰਆਨ ਸ਼ਰੀਫ਼ ਬਾਰੇ ਫ਼ਰਮਾਉਂਦਾ ਹੈ : لَا يَمَسُّهٗۤ اِلَّا الْمُطَهَّرُوْنَ ਅਰਥਾਤ ਕੋਈ ਉਸ ਨੂੰ ਛੂਹ ਨਹੀਂ ਸਕਦਾ ਸਿਵਾਏ ਪਾਕ ਕੀਤੇ ਹੋਏ ਲੋਕਾਂ ਦੇ । ਸੋ, ਲੜਕਪੁਣੇ ਦੇ ਏਕਾਂਤ ਵਿੱਚੋਂ ਨਿਕਲਦਿਆਂ ਹੀ ਆਪਦਾ ਲੋਕਾਂ ਸਾਹਮਣੇ ਕੁਰਆਨ ਸ਼ਰੀਫ਼ ਦੇ ਨਵੀਨ ਤੇ ਸੂਖ਼ਮ ਮੁਆਰਫ਼ ਬਿਆਨ ਕਰਨਾ ਇਸ ਗੱਲ ਦਾ ਪ੍ਰਤਖ ਪ੍ਰਮਾਣ ਹੈ ਕਿ ਆਪ ਨੇ ਆਪਣਾ ਬਚਪੁਣਾ ਰੱਬ ਦੀ ਵਿਸ਼ੇਸ਼ ਦੇਖਰੇਖ ਵਿੱਚ ਲੰਘਾਇਆ ਅਤੇ ਆਪ ਬਚਪੁਣੇ ਵਿੱਚ ਹੀ ਪਵਿੱਤਰ ਲੋਕਾਂ ਦੀ ਜਮਾਤ ਵਿੱਚ ਦਾਖ਼ਲ ਸਨ ।

ਆਪ ਦੀ ਇਬਾਦਤ ਦੇ ਮਿਆਰ ਦੀ ਬਚਪਨ ਵਿੱਚ ਹੀ ਕੀ ਅਵਸਥਾ ਸੀ, ਇਸ ਬਾਰੇ ਸ਼ੇਖ਼ ਗ਼ੁਲਾਮ ਅਹਮਦ ਸਾਹਬ ਵਾਅਜ਼ ਰਜ਼ੀ ਅਲੱਾਹ ਅਨਹੁ ਇਕ ਘਟਨਾ ਵਰਨਣ ਕਰਦੇ ਹਨ ਕਿ ਇਕ ਵਾਰ ਮੈਂ ਇਹ ਨਿਸ਼ਚਾ ਕੀਤਾ ਕਿ ਅੱਜ ਰਾਤ ਮਸਜਿਦ ਮੁਬਾਰਕ ਵਿੱਚ ਲੰਘਾਵਾਂਗਾ ਅਤੇ ਏਕਾਂਤ ਵਿੱਚ ਆਪਣੇ ਮੌਲਾ ਤੋਂ ਜੋ ਚਾਹਾਂਗਾ ਮੰਗ ਲਿਆਂਗਾ । ਜੱਦ ਮਸਜਿਦ ਪਹੁੰਚਿਆ ਤਾਂ ਕੀ ਦੇਖਦਾ ਹਾਂ ਕਿ ਕੋਈ ਵਿਅਕਤੀ ਸਜੱਦੇ ਵਿੱਚ ਪਿਆ ਹੋਇਆ ਹੈ ਅਤੇ ਗਿੜਗਿੜਾਕੇ ਦੁਆਵਾਂ ਕਰ ਰਿਹਾ ਹੈ ਅਤੇ ਇਸ ਗਿੜਗਿੜਾਹਟ ਕਰਕੇ ਮੈਂ ਵੀ ਨਮਾਜ਼ ਨਹੀਂ ਪੜ੍ਹ ਸਕਿਆ ਅਤੇ ਉਸ ਵਿਅਕਤੀ ਦੀ ਦੁਆ ਦਾ ਮੇਰੇ ਉਪੱਰ ਵੀ ਪ੍ਰਭਾਵ ਹੋ ਗਿਆ ਅਤੇ ਮੈਂ ਦੁਆ ਕੀਤੀ ਕਿ ਹੇ, ਅਲੱਾਹ ਇਹ ਵਿਅਕਤੀ ਤੇਰੀ ਹਜ਼ੂਰੀ ਵਿੱਚ ਜੋ ਕੁਝ ਵੀ ਮੰਗ ਰਿਹਾ ਹੈ ਉਹ ਇਸ ਨੂੰ ਦੇਦੇ ਅਤੇ ਮੈਂ ਖੜੇ ਖੜੇ ਥੱਕ ਗਿਆ ਕਿ ਇਹ ਵਿਅਕਤੀ ਸਿਰ ਚੁੱਕੇ ਤਾਂ ਪਤਾ ਕਰਾਂ ਕਿ ਕੌਣ ਹੈ । ਜੱਦ ਆਪਨੇ ਸਿਰ ਚੁੱਕਿਆ ਤਾਂ ਕੀ ਦੇਖਦਾ ਹਾਂ ਕਿ ਹਜ਼ਰਤ ਮੀਆਂ ਮਹਮੂਦ ਅਹਮਦ ਸਾਹਬ ਹਨ । ਮੈਂ ਅਸੱਲਾਮੁ ਅਲੈਕੁਮ ਕਿਹਾ ਅਤੇ ਮੁਸਾਫ਼ਾ ਕੀਤਾ ਅਤੇ ਪੁੱਛਿਆ ਮੀਆਂ ਅੱਜ ਅਲੱਾਹ ਤਆਲਾ ਕੋਲੋਂ ਕੀ ਕੁਝ ਲੈ ਲਿਆ ਤਾਂ ਆਪ ਨੇ ਫ਼ਰਮਾਇਆ ਕਿ ਮੈਂ ਤਾਂ ਇਹੋ ਮੰਗਿਆ ਹੈ ਕਿ ਇਲਾਹੀ ਮੈਨੂੰ ਮੇਰੀਆਂ ਅਖੱਾਂ ਨਾਲ ਇਸਲਾਮ ਨੂੰ ਜੀਉਂਦਾ ਕਰਕੇ ਦਿਖਾ

ਅਤੇ ਇਹ ਕਹਿਕੇ ਆਪ ਅੰਦਰ ਚਲੇ ਗਏ । ਇਸਲਾਮ ਦੀ ਫ਼ਤਹ ਦਾ ਦਿਨ ਦੇਖਣ ਦੀ ਇਹ ਬੇਕਰਾਰੀ ਦੀ ਇਛੱਾ ਇਸ ਨੌਜੁਆਨੀ ਵਿੱਚ ਆਪ ਦੇ ਦਿਲ ਵਿੱਚ ਸੀ, ਸੋ, ਆਪਨੂੰ ਜੁਆਨੀ ਵਿੱਚ ਹੀ ਰੱਬ ਨੇ ਖ਼ਿਲਾਫ਼ਤ ਦਾ ਚੋਗਾ ਪਹਿਨਾ ਦਿਤੱਾ।

ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਨੀ ਰਜ਼ੀ ਅਲੱਾਹ ਅਨਹੁ ਨੇ 'ਤਸ਼ਹੀਜ਼ੁਲ ਅਜ਼ਹਾਨ' ਵਿੱਚ ਆਪਣੀ ਇਕ ਦੁਆ ਦਾ ਵਰਨਣ ਕੀਤਾ ਹੈ ਜੋ 1909 ਈ. ਵਿੱਚ ਆਪ ਨੇ ਲਿੱਖਿਆ ਸੀ । ਆਪ ਅਲੱਾਹ ਤਆਲਾ ਦੀ ਹਜ਼ੂਰੀ ਵਿੱਚ ਦੁਆ ਕਰਦਿਆਂ ਹੋਇਆਂ ਅਰਜ਼ ਕਰਦੇ ਹਨ ਕਿ, ਹੇ, ਮੇਰੇ ਖ਼ੁਦਾ, ਮੈਂ ਮਨ ਦੀ ਆਂਤਰਕ ਪੀੜ੍ਹਾ ਨਾਲ ਅਤੇ ਸੱਚੀ ਤੜਪ ਨਾਲ ਤੇਰੀ ਹਜ਼ੂਰੀ ਵਿੱਚ ਡਿਗਦਾ ਤੇ ਸਜੱਦਾ ਕਰਦਾ ਹਾਂ ਅਤੇ ਅਰਜ਼ ਕਰਦਾ ਹਾਂ ਕਿ ਮੇਰੀ ਦੁਆ ਸੁਣ ਅਤੇ ਮੇਰੀ ਪੁਕਾਰ ਤੱਕ ਪਹੁੰਚ । ਹੇ, ਮੇਰੇ ਕੁਦੁੱਸ (ਪਵਿੱਤਰ) ਖ਼ੁਦਾ ਮੇਰੀ ਕੌਮ ਹਲਾਕ ਹੋ ਰਹੀ ਹੈ ਇਸ ਨੂੰ ਹਲਾਕਤ (ਤਬਾਹੀ) ਤੋਂ ਬਚਾ । ਜੇਕਰ ਉਹ ਅਹਮਦੀ ਅਖੱਵਾਉਂਦੇ ਹਨ ਤਾਂ ਮੈਂਨੂੰ ਉਹਨਾਂ ਨਾਲ ਕੀ ਸੰਬੰਧ ਜੱਦ ਤੱਕ ਉਹਨਾ ਦੇ ਦਿਲ ਤੇ ਸੀਨਿ ਸਾਫ਼ ਨ ਹੋਣ ਅਤੇ ਉਹ ਤੇਰੇ ਪ੍ਰੇਮ ਵਿਚੱ ਭਰਪੂਰ ਨ ਹੋਣ । ਸੋ, ਹੇ ਮੇਰੇ ਰੱਬ ! ਆਪਣੀ ਮਿਹਰ ਤੇ ਕ੍ਰਿਪਾ ਨੂੰ ਜੋਸ਼ ਵਿੱਚ ਲਿਆ ਅਤੇ ਉਹਨਾਂ ਨੂੰ ਪਾਕ ਕਰ ਦੇ । ਸਹਾਬਾ ਜਿਹਾ ਜੋਸ਼ ਉਹਨਾਂ ਵਿੱਚ ਪੈਦਾ ਹੋਵੇ ਅਤੇ ਉਹ ਤੇਰੇ ਦੀਨ ਲਈ ਬੇਕਰਾਰ ਹੋ ਜਾਣ । ਉਹਨਾ ਦੇ ਕਰਮ ਉਹਨਾ ਦੇ ਕਥਨਾ ਨਾਲੋਂ ਬਹੁਤੇ ਉਮਦਹ ਤੇ ਸਾਫ਼ ਹੋਣ ਉਹ ਤੇਰੇ ਪਿਆਰੇ ਮੁਖੜੇ'ਤੇ ਕੁਰਬਾਨ ਹੋਣ ਅਤੇ ਨਬੀ ਕਰੀਮ ਉਪੱਰ ਫ਼ਿਦਾ ਹੋਣ ਤੇਰੇ ਮਸੀਹ ਦੀਆਂ ਦੁਆਵਾਂ ਉਹਨਾ ਦੇ ਹੱਕ ਵਿੱਚ ਕੁਬੂਲ ਹੋਣ ਅਤੇ ਇਸਦੀ ਪਾਕ ਤੇ ਸੱਚੀ ਸਿੱਖਿਆ ਉਹਨਾ ਦੇ ਦਿਲਾ ਦਿਲਾਂ ਵਿੱਚ ਘਰ ਕਰ ਜਾਏ । ਹੇ ਮੇਰੇ ਖ਼ੁਦਾ, ਮੇਰੀ ਕੌਮ ਨੂੰ ਸਾਰੀਆਂ ਆਪਦਾਵਾਂ ਤੇ ਦੁਖੱਾਂ ਤੋਂ ਬਚਾ ਅਤੇ ਭਾਂਤ ਭਾਂਤ ਦੀਆਂ ਮੁਸੀਬਤਾਂ ਤੋਂ ਉਹਨਾਂ ਨੂੰ ਸੁਰੱਖਿਅਤ ਰੱਖ, ਉਹਨਾਂ ਵਿੱਚ ਵੱਡੇ ਵੱਡੇ ਮਹਾਨ ਪੁਰੁਸ਼ ਪੈਦਾ ਕਰ ਕਿ ਇਹ ਇਕ ਕੌਮ ਹੋ ਜਾਣ ਜੋ ਤੂੰ ਪਸੰਦ ਕਰ ਲਈ ਹੋਵੇ ਅਤੇ ਇਹ ਇਕ ਜਥੱਾ ਹੋਵੇ ਜਿਸ ਨੂੰ ਤੂੰ ਆਪਣੇ ਲਈ ਵਿਸ਼ੇਸ਼ ਕਰ ਲਏਂ । ਸ਼ੈਤਾਨ ਦੇ ਹਮਲੇ ਤੋਂ ਸੁਰੱਖਿਅਤ ਰਹਿਣ ਅਤੇ ਹਮੇਸ਼ਾ ਫ਼ਰਿਸ਼ਤੇ ਨਾਜ਼ਲ ਹੁੰਦੇ ਰਹਿਣ, ਇਸ ਕੌਮ ਨੂੰ ਦੀਨ ਤੇ ਦੁਨੀਆ ਵਿੱਚ ਮੁਬਾਰਕ ਕਰ । ਆਮੀਨ । ਸੁਮੱਾ ਆਮੀਨ ਯਾ ਰਬੁੱਲ ਆਲਾਮੀਨ ।

ਅਖ਼ੀਰ ਵਿੱਚ ਹਜ਼ੂਰ ਅਨਵਰ ਨੇ ਦੁਆ ਕੀਤੀ ਕਿ ਅਲੱਾਹ ਤਆਲਾ ਹਜ਼ਾਰਾਂ ਹਜ਼ਾਰ ਰਹਿਮਤਾਂ ਤੁਹਾਡੇ ਉਪੱਰ ਨਾਜ਼ਲ ਕਰੇ ਅਤੇ ਸਾਨੂੰ ਆਪ ਦੀ ਇਸ ਦਰਦ ਭਰੀ ਦੁਆ ਨੂੰ ਸਮਝਣ, ਅਮਲ ਕਰਨ ਤੇ ਅਹਮਦੀ ਹੋਣ ਦੇ ਉਦੇਸ਼ ਨੂੰ ਪੂਰਾ ਕਰਨ ਦੀ ਅਲੱਾਹ ਤਆਲਾ ਤੌਫ਼ੀਕ ਪ੍ਰਦਾਨ ਕਰੇ ।

**Khulasa Khutba Jumma 22.02.2019**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131